" ਵਿਸ਼ੇਸ਼ਤਾਵਾਂ ਪਰਮਾਤਮ ਦੇਣ ਹਨ - ਇਹਨਾਂ ਨੂੰ ਵਿਸ਼ਵ ਸੇਵਾ ਵਿੱਚ ਅਰਪਣ ਕਰੋ"

ਅੱਜ ਗ੍ਰੇਟ ਗ੍ਰੇਟ ਗ੍ਰੈਂਡ ਫ਼ਾਦਰ ਬ੍ਰਹਮਾ ਬਾਪ ਆਪਣੇ ਵਿਸ਼ਵ ਦੇ ਚਾਰੋਂ ਪਾਸੇ ਦੇ ਸ੍ਰੇਸ਼ਠ ਭਾਗਵਾਂਨ ਬ੍ਰਾਹਮਣ ਕੁਲ ਨੂੰ ਬਹੁਤ -ਬਹੁਤ ਅਰਬ -ਖ਼ਰਬ ਵਾਰ ਦਿਵਯ ਅਲੌਕਿਕ ਜਨਮ ਦੀ ਮੁਬਾਰਕ ਦੇ ਰਹੇ ਹਨ। ਨਾਲ -ਨਾਲ ਅਤਿ ਸਨੇਹ ਦੇ, ਦਿਲ ਦੇ ਪਿਆਰ ਦੇ ਰੂਹਾਨੀ ਪੁਸ਼ਪਾ ਨਾਲ ਜਨਮ ਦੀ ਵਧਾਈ ਦੇ ਰਹੇ ਹਨ। ਹਰ ਇੱਕ ਬ੍ਰਾਹਮਣ ਆਤਮਾ ਦੀ ਵਿਸ਼ੇਸਤਾ ਦੇਖ - ਦੇਖ ਹਰਸ਼ਿਤ ਹੋ ਰਹੇ ਹਨ। ਦਿਲ ਹੀ ਦਿਲ ਵਿੱਚ ਗੀਤ ਗਾ ਰਹੇ ਹਨ - ਵਾਹ ਬੱਚੇ ਵਾਹ! ਅੱਜ ਦੇ ਦਿਨ ਅੰਮ੍ਰਿਤਵੇਲੇ ਤੋਂ ਸਭ ਦੇ ਦਿਲ ਵਿੱਚ ਇਹੀ ਖੁਸ਼ੀ ਦੀਆਂ ਲਹਿਰਾਂ ਦਿਖਾਈ ਦੇ ਰਹੀਆਂ ਹਨ - ਵਾਹ ਬਾਪ ਦਾ ਅਤੇ ਸਾਡਾ ਅਲੌਕਿਕ ਜਨਮ! ਬਾਪ ਵੀ ਸਭ ਬੱਚਿਆਂ ਦੀ ਅੰਮ੍ਰਿਤਵੇਲੇ ਤੋਂ ਵਧਾਈਆਂ ਦੀਆਂ ਮਾਲਾਵਾਂ ਦੇਖ - ਦੇਖ ਖੁਸ਼ ਹੋ ਰਹੇ ਹਨ। ਇਹ ਬਰਥ ਡੇ ਸਾਰੇ ਕਲਪ ਵਿੱਚ ਇਸ ਸੰਗਮਯੁੱਗ ਵਿੱਚ ਹੀ ਮਨਾਉਂਦੇ ਹਨ। ਸਤਿਯੁਗ ਵਿੱਚ ਇਵੇਂ ਦਾ ਅਲੌਕਿਕ ਜਨਮ ਦਿਨ ਨਹੀਂ ਮਨਾਉਣਗੇ। ਉੱਥੇ ਵੀ ਇਵੇਂ ਵਚਿੱਤਰ ਜਨਮ ਦਿਨ ਨਹੀਂ ਹੋਵੇਗਾ, ਜੋ ਬਾਪ ਅਤੇ ਬੱਚਿਆਂ ਦਾ ਨਾਲ - ਨਾਲ ਜਨਮ ਹੋਵੇ। ਹੁਣ ਤੱਕ ਸੁਣਿਆ ਹੈ ਕਿ ਬਾਪ ਅਤੇ ਬੱਚਿਆਂ ਦਾ ਜਨਮ ਇੱਕ ਦਿਨ ਹੋਇਆ? ਪਰ ਅੱਜ ਦਾ ਦਿਨ ਤੁਸੀਂ ਬੱਚਿਆਂ ਦਾ ਅਤੇ ਬਾਪਦਾਦਾ ਦਾ ਜਨਮ ਇੱਕ ਦਿਨ ਮਨਾ ਰਹੇ ਹੋ। ਤਾਂ ਵਾਹ - ਵਾਹ! ਦੇ ਗੀਤ ਗਾ ਰਹੇ ਹੋ ਨਾ!

ਅੱਜ ਬਾਪਦਾਦਾ ਅੰਮ੍ਰਿਤਵੇਲੇ ਇੱਕ ਮਾਲਾ ਬਣਾ ਰਹੇ ਸੀ। ਕਿਹੜੀ ਮਾਲਾ? 108 ਦੀ ਫਾਈਨਲ ਮਾਲਾ ਨਹੀਂ ਬਣਾ ਰਹੇ ਸਨ ਜੋ ਤੁਸੀਂ ਸੋਚੋ ਸਾਡਾ ਨਾਮ ਸੀ, ਸਾਡਾ ਨਾਮ ਸੀ… ਪਰ ਅੱਜ ਆਦਿ ਤੋ, ਸਥਾਪਨਾ ਦੇ ਸਮੇਂ ਤੋਂ ਹੁਣ ਵਿਨਾਸ਼ ਦੇ ਨੇੜੇ ਸਮੇਂ ਤੱਕ ਕਿਹੜੇ - ਕਿਹੜੇ ਬੱਚੇ ਅਮਰ ਭਵ ਦੇ ਵਰਦਾਨੀ ਰਹੇ ਹਨ! ਉਹਨਾਂ ਦੀ ਮਾਲਾ ਬਣਾ ਰਹੇ ਸਨ। ਇਹ ਵੀ ਡਰਾਮੇ ਅਨੁਸਾਰ ਉਹਨਾਂ ਆਤਮਾਵਾਂ ਨੂੰ ਉੱਚੇ ਤੋਂ ਉੱਚੇ ਭਗਵਾਨ ਦੇ ਨਾਲ ਸਰਵ ਚਰਿੱਤਰ ਦੇਖਣ, ਸੁਣਨ ਦਾ ਸ੍ਰੇਸ਼ਠ ਪਾਰ੍ਹ ਹੈ ਪਰ ਉਹ ਕਿੰਨੇ ਥੋੜ੍ਹੇ ਹਨ! ਕਿਉਂ? ਬਾਪਦਾਦਾ ਬ੍ਰਾਹਮਣ ਵੰਸ਼ਾਵਲੀ ਬਣਾ ਰਹੇ ਹਨ। ਇਸਲਈ ਵਿਸ਼ਵ ਦੇ ਹਿਸਾਬ ਨਾਲ ਜੋ ਵੀ ਬ੍ਰਾਹਮਣ ਆਤਮਾਵਾਂ ਹਨ ਉਹ ਬਹੁਤ -ਬਹੁਤ - ਬਹੁਤ ਭਾਗਵਾਨ ਹਨ, ਕਿਉਂ? ਕੋਟਾਂ ਵਿੱਚ ਕੋਈ ਦੀ ਲਾਇਨ ਵਿੱਚ ਅਤੇ ਕੋਈ ਵਿੱਚ ਵੀ ਕੋਈ, ਇੱਕ ਪਾਸੇ ਵਿਸ਼ਵ ਦੀਆਂ ਕਰੋੜਾਂ ਆਤਮਾਵਾਂ, ਦੂਸਰੇ ਪਾਸੇ ਤੁਸੀਂ ਹਰ ਇੱਕ ਬ੍ਰਾਹਮਣ ਇੱਕ ਹੋ। ਤਾਂ ਜਨਮ ਦਿਨ ਤੇ ਬਾਪਦਾਦਾ ਹਰ ਇੱਕ ਬੱਚੇ ਨੂੰ, ਕਿਸੇ - ਕਿਸੇ ਦੀ ਨਹੀਂ ਸਭ ਬੱਚਿਆਂ ਦੀ ਜਨਮ ਪਤਰੀ ਦੇਖ ਹਰ ਇੱਕ ਦੀਆਂ ਵਿਸ਼ੇਸ਼ਤਾ ਦੀਆਂ ਮਾਲਾਵਾਂ ਗਲੇ ਵਿੱਚ ਪਾ ਰਹੇ ਸਨ। ਤੁਸੀਂ ਸਭ ਭਾਵੇਂ ਨਵੇ ਹੋ, ਭਾਵੇਂ ਆਦਿ ਦੇ ਹੋ, ਭਾਵੇਂ ਮੱਧ ਦੇ ਹੋ ਪਰ ਵਿਸ਼ੇਸ਼ ਹਨ ਅਤੇ ਵਿਸ਼ੇਸ਼ ਰਹਿਣਗੇ ਹੀ। ਸਾਰਾ ਕਲਪ ਵਿਸ਼ੇਸ਼ ਰਹਿਣਗੇ। ਸਾਰਾ ਕਲਪ ਵਿਸ਼ਵ ਦੀ ਸਰਵ ਆਤਮਾਵਾਂ ਦੀ ਤੁਸੀਂ ਸ੍ਰੇਸ਼ਠ ਆਤਮਾਵਾਂ ਦੇ ਉਪਰ ਮਹਾਨਤਾ ਦੀ ਨਜ਼ਰ ਰਹਿੰਦੀ ਹੈ। ਤਾਂ ਤੁਸੀਂ ਹਰ ਇੱਕ ਆਪਣੀ ਵਿਸ਼ੇਸ਼ਤਾਵਾਂ ਨੂੰ ਜਾਣਦੇ ਹੋ? ਜੇਕਰ ਹਾਂ ਤਾਂ ਇੱਕ ਹੱਥ ਉਠਾਓ। ਬਹੁਤ ਵਧੀਆ। ਉਸ ਵਿਸ਼ੇਸ਼ਤਾਵਾਂ ਦਾ ਕੀ ਕਰਦੇ ਹੋ? ਜਾਣਦੇ ਤਾਂ ਬਹੁਤ ਵਧੀਆ, ਮੰਨਦੇ ਹੋ ਬਹੁਤ ਚੰਗਾ ਪਰ ਉਹਨਾਂ ਵਿਸ਼ੇਸ਼ਤਾਵਾਂ ਨੂੰ ਕੀ ਕਰਦੇ ਹੋ? (ਸੇਵਾ ਵਿੱਚ ਲਗਾਉਂਦੇ ਹੋ) ਹੋਰ ਢੰਗ ਨਾਲ ਯੂਜ਼ ਤਾਂ ਨਹੀਂ ਕਰਦੇ ਹੋ ਨਾ? ਇਹ ਵਿਸ਼ੇਸ਼ਤਾ ਪਰਮਾਤਮ ਦੇਣ ਹੈ। ਪਰਮਾਤਮ ਦੇਣ ਸਦਾ ਵਿਸ਼ਵ ਵਿੱਚ ਅਰਪਣ ਕਰਨੀ ਹੈ। ਵਿਸ਼ੇਸ਼ਤਾਵਾਂ ਦਾ ਜੇਕਰ ਨੇਗਟਿਵ ਰੂਪ ਵਿੱਚ ਯੂਜ਼ ਕੀਤਾ ਤਾਂ ਅਭਿਮਾਨ ਦਾ ਰੂਪ ਬਣ ਜਾਂਦਾ ਹੈ ਕਿਉਂਕਿ ਗਿਆਨ ਵਿੱਚ ਆਉਣ ਦੇ ਬਾਦ, ਬ੍ਰਾਹਮਣਜੀਵਨ ਵਿੱਚ ਆਉਣ ਦੇ ਬਾਦ ਵਿਸ਼ੇਸ਼ਤਾਵਾਂ ਬਹੁਤ ਪ੍ਰਾਪਤ ਹੁੰਦੀਆਂ ਹਨ ਕਿਉਂਕਿ ਬਾਪ ਦਾ ਬਣਨ ਨਾਲ ਵਿਸ਼ੇਸ਼ਤਾਵਾਂ ਦੇ ਖਜ਼ਾਨੇ ਦੇ ਅਧਿਕਾਰੀ ਬਣ ਜਾਂਦੇ ਹੋ। ਇੱਕ ਦੋ ਵਿਸ਼ੇਸਤਾਵਾਂ ਨਹੀਂ ਹਨ, ਬਹੁਤ ਵਿਸ਼ੇਸ਼ਤਾਵਾਂ ਹਨ। ਜੋ ਯਾਦਗਾਰ ਵਿੱਚ ਵੀ ਤੁਹਾਡੀ ਵਿਸ਼ੇਸ਼ਤਾਵਾਂ ਦਾ ਵਰਨਣ ਹੈ -16 ਕਲਾ ਸੰਪੰਨ, ਤਾਂ ਸਿਰਫ਼ 16 ਨਹੀਂ ਹਨ, 16 ਮਾਨਾ ਸੰਪੂਰਨ। ਸਰਵ ਗੁਣ ਸੰਪੰਨ। ਸੰਪੂਰਨ ਨਿਰਵਿਕਾਰੀ ਦਾ ਡਿਟੇਲ ਹੈ। ਕਹਿਣ ਵਿੱਚ ਆਉਂਦਾ ਹੈ ਸੰਪੂਰਨ ਨਿਰਵਿਕਾਰੀ ਪਰ ਸੰਪੂਰਨ ਵਿੱਚ ਕਈ ਡਿਟੇਲ ਹੈ। ਤਾਂ ਵਿਸ਼ੇਸ਼ਤਾਵਾਂ ਤਾਂ ਬਾਪ ਦਵਾਰਾ ਹਰ ਬ੍ਰਾਹਮਣ ਨੂੰ ਵਰਸੇ ਤੋਂ ਪ੍ਰਾਪਤ ਹੁੰਦੀ ਹੀ ਹੈ। ਪਰ ਉਹਨਾਂ ਵਿਸ਼ੇਸ਼ਤਾਵਾਂ ਨੂੰ ਧਾਰਨ ਕਰਨਾ ਅਤੇ ਫਿਰ ਸੇਵਾ ਵਿੱਚ ਲਗਾਉਣਾ। ਮੇਰੀ ਇਹ ਵਿਸ਼ੇਸ਼ਤਾ ਹੈ, ਨਹੀਂ ਪਰਮਾਤਮ ਦੇਣ ਹੈ। ਪਰਮਾਤਮ ਦੇਣ ਸਮਝਣ ਨਾਲ ਵਿਸ਼ੇਸ਼ਤਾ ਵਿੱਚ ਪਰਮਾਤਮ ਸ਼ਕਤੀਆਂ ਭਰ ਜਾਂਦੀਆਂ ਹਨ। ਮੇਰੀ ਕਹਿਣ ਨਾਲ ਅਭਿਮਾਨ ਅਤੇ ਅਪਮਾਨ ਦੋਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸੇ ਵੀ ਪ੍ਰਕਾਰ ਦਾ ਅਭਿਆਨ, ਭਾਵੇਂ ਗਿਆਨ ਦਾ, ਭਾਵੇਂ ਯੋਗ ਦਾ, ਭਾਵੇਂ ਸੇਵਾ ਦਾ, ਭਾਵੇਂ ਕਿਸੇ ਗੁਣ ਦਾ, ਜਿਸ ਵਿੱਚ ਵੀ ਅਭਿਮਾਨ ਹੋਵੇਗਾ ਉਸਦੀ ਨਿਸ਼ਾਨੀ ਹੈ - ਉਸਨੂੰ ਅਪਮਾਨ ਬਹੁਤ ਜਲਦੀ ਫੀਲ ਹੋਵੇਗਾ। ਤਾਂ ਵਿਸ਼ੇਸ਼ ਆਤਮਾਵਾਂ ਹੋ ਮਤਲਬ ਪ੍ਰਮਾਤਮ ਦੇਣ ਦੇ ਅਧਿਕਾਰੀ ਹੋ।

ਤਾਂ ਅੱਜ ਤੁਸੀਂ ਸਭ ਬਾਪਦਾਦਾ ਦਾ ਬ੍ਰਥਡੇ ਮਨਾਉਣ ਆਏ ਹੋ ਨਾ! ਅਤੇ ਬਾਪਦਾਦਾ ਤੁਸੀਂ ਸਭ ਦਾ ਬ੍ਰਥ ਡੇ ਮਨਾਉਣ ਆਏ ਹਨ। ਤੁਸੀਂ ਤਾਂ ਸਿਰਫ਼ ਬਾਪਦਾਦਾ ਦਾ ਬਰ੍ਥ ਡੇ ਮਨਾਓਗੇ ਪਰ ਬਾਪਦਾਦਾ ਸਾਰੇ ਬ੍ਰਾਹਮਣ ਕੁਲ ਦਾ ਬਰਥ ਡੇ ਮਨਾਉਣ ਆਏ ਹਨ। ਭਾਵੇਂ ਦੇਸ਼ ਵਿੱਚ ਦੂਰ ਬੈਠੇ ਹਨ, ਭਾਵੇਂ ਵਿਦੇਸ਼ ਦੇ ਕੋਨੇ ਵਿੱਚ ਦੂਰ ਵਿੱਚ ਬੈਠੇ ਹਨ ਜੋ ਵੀ ਬ੍ਰਾਹਮਣ ਆਤਮਾ, ਬ੍ਰਾਹਮਣ ਕੁਲ ਦੀ ਬਣ ਗਈ, ਉਹਨਾਂ ਸਭਦਾ ਬਰਥ ਡੇ ਬਾਪਦਾਦਾ ਵੀ ਮਨਾ ਰਹੇ ਹਨ, ਤੁਸੀਂ ਵੀ ਮਨਾ ਰਹੇ ਹੋ। ਸਭਦਾ ਮਨਾ ਰਹੇ ਹੋ ਜਾਂ ਸਿਰਫ਼ ਇੱਥੇ ਬੈਠਣ ਵਾਲੇ ਦਾ ਮਨਾ ਰਹੇ ਹੋ? ਸਭ ਯਾਦ ਹੈ ਨਾ! ਸਭ ਦੇਖ ਰਹੇ ਹਨ ਕਿ ਸਾਡਾ ਵੀ ਮਨਾ ਰਹੇ ਹਨ ਜਾਂ ਨਹੀਂ? ਤਾਂ ਸਭਦਾ ਮਨਾ ਰਹੇ ਹਨ ਜਾਂ

ਨਹੀਂ? ਤਾਂ ਸਭਦਾ ਮਨਾ ਰਹੇ ਹਨ। ਸਭਨੂੰ ਮੁਬਾਰਕ, ਮੁਬਾਰਕ, ਮੁਬਾਰਕ ਹੋਵੇ। ਮਨਾਉਣਾ ਮਤਲਬ ਉਮੰਗ -ਉਤਸ਼ਾਹ ਵਿੱਚ ਆਉਣਾ। ਤਾਂ ਦਿਲ ਵਿੱਚ ਉਤਸ਼ਾਹ ਹੈ ਨਾ, ਵਾਹ! ਅਲੌਕਿਕ ਜਨਮ ਦਿਨ!

ਤਾਂ ਅੱਜ ਅੰਮ੍ਰਿਤਵੇਲੇ ਤੋਂ ਜਨਮ ਦਿਨ ਦਾ ਉਤਸ਼ਾਹ -ਉਮੰਗ ਸਭ ਵਿੱਚ ਬਹੁਤ -ਬਹੁਤ ਰਿਹਾ ਹੈ ਨਾ! ਬਾਪਦਾਦਾ ਨੇ ਕਾਰਡ ਵੀ ਦੇਖੇ, ਤੁਸੀਂ ਇਹਨਾਂ ਅੱਖਾਂ ਨਾਲ ਦੇਖਦੇ ਹੋ, ਬਾਪਦਾਦਾ ਤਾਂ ਸੂਕਸ਼ਮ ਵਿੱਚ ਹੀ ਤੁਹਾਡੇ ਪਹਿਲੇ ਹੀ ਦੇਖ ਲੈਂਦੇ ਹਨ। ਪਰ ਬਾਪਦਾਦਾ ਨੇ ਦੇਖਿਆ ਸਭ ਆਪਣੇ ਦਿਲ ਦਾ ਉਮੰਗ ਦਿਖਾਉਣ ਦੇ ਲਈ ਕਿੰਨਾ ਉਮੰਗ - ਉਤਸ਼ਾਹ ਰੱਖਦੇ ਹਨ। ਅੱਜਕਲ ਤੇ ਈ -ਮੇਲ ਬਹੁਤ ਸਸਤਾ ਹੈ ਨਾ! ਤਾਂ ਈ -ਮੇਲ ਸਭ ਬਹੁਤ ਕਰਦੇ ਹਨ। ਬਾਪਦਾਦਾ ਦੇ ਕੋਲ਼ ਸਭ ਪਹੁੰਚਦਾ ਹੈ। ਭਾਵੇਂ ਈ - ਮੇਲ ਹੋਵੇ, ਭਾਵੇਂ ਕਾਰਡ ਹੋਵੇ, ਭਾਵੇਂ ਪੱਤਰ ਹੋਵੇ, ਭਾਵੇਂ ਦਿਲ ਦੇ ਸੰਕਲਪ ਹੋਣ। ਅੰਮ੍ਰਿਤਵੇਲੇ ਤੋਂ ਵਤਨ ਵਿੱਚ ਜੇਕਰ ਚਾਰੋਂ ਪਾਸੇ ਦੇ ਕਾਰਡ, ਪੱਤਰ, ਈ -ਮੇਲ, ਸੰਕਲਪ ਸਭ ਇਕੱਠੇ ਕਰੋ ਤਾਂ ਦੇਖ - ਦੇਖਕੇ ਬੜਾ ਮਜ਼ਾ ਆਏਗਾ। ਇਹ ਏਗਜਿਬਿਸ਼ਨ ਵਿਚਿੱਤਰ ਹੁੰਦੀ ਹੈ। ਤਾਂ ਬਰਥ ਡੇ ਤੇ ਭਵਿੱਖ ਦੇ ਲਈ ਸੰਕਲਪ ਕੀਤਾ ਜਾਂਦਾ ਹੈ। ਜਿਵੇਂ ਬਰਥ ਡੇ ਦਾ ਨੰਬਰ ਅੱਗੇ ਵਧਦਾ ਹੈ, ਸਾਲ ਅੱਗੇ ਵੱਧਦਾ ਹੈ, ਇਵੇਂ ਹੀ ਪੁਰਸ਼ਾਰਥ ਵਿੱਚ ਅਤੇ ਆਪਣੇ ਅਮੁਲ ਜੀਵਨ ਵਿੱਚ, ਮਨ ਵਿੱਚ ਮਤਲਬ ਸੰਕਲਪ ਵਿੱਚ, ਬੁੱਧੀ ਦੇ ਨਿਰਣੇ ਸ਼ਕਤੀ ਵਿੱਚ, ਵਾਣੀ ਵਿੱਚ, ਸੈਕਿੰਡ ਵਿੱਚ ਸਫ਼ਲਤਾ ਮੂਰਤ ਦੀ ਸ਼ਕਤੀ ਵਿੱਚ, ਸੰਬੰਧ -ਸੰਪਰਕ ਵਿੱਚ ਹਰ ਸਮੇਂ ਸੰਪਰਕ -ਸੰਬੰਧ ਵਾਲੇ ਨੂੰ ਕੋਈ ਨਾ ਕੋਈ ਪ੍ਰਾਪਤੀ ਦੀ ਅਨੁਭੂਤੀ ਹੋਵੇ, ਇਵੇਂ ਆਪਣੇ ਭਵਿੱਖ ਵਰ੍ਹੇ ਦੇ ਲਈ ਦ੍ਰਿੜ੍ਹ ਸੰਕਲਪ ਦਾ ਵਰਤ ਲਿਆ? ਕਿਉਂਕਿ ਵਿਸ਼ੇਸ਼ ਸ਼ਿਵ ਜਯੰਤੀ ਦੇ ਦਿਨ ਦੋ ਲਕਸ਼ ਬ੍ਰਾਹਮਣ ਆਤਮਾਵਾਂ ਦੇ ਰਹਿੰਦੇ ਹਨ - ਇੱਕ ਖੁਦ ਨਾਲ ਪ੍ਰਤਿਗਿਆ ਦਾ ਅਤੇ ਦੂਜਾ ਬਾਪ ਦੀ ਪ੍ਰਤਖਤਾ ਦਾ ਝੰਡਾ ਲਹਿਰਾਉਣ ਦਾ, ਇਹ ਵਿਸ਼ੇਸ਼ ਲਕਸ਼ ਇਸ ਦਿਨ ਹਰ ਇੱਕ ਦੇ ਅੰਦਰ ਰਹਿੰਦੇ ਹਨ। ਤਾਂ ਬਾਪਦਾਦਾ ਨੇ ਤੁਹਾਡੇ ਸਭ ਦੀ ਕੀਤੀ ਹੋਈ ਪ੍ਰਤਿਗਿਆ ਦਾ(ਜੋ ਬੀਤੇ ਹੋਏ ਸਮੇਂ ਵਿੱਚ ਕੀਤੀਆਂ ਹਨ) ਪੋਤਾਮੇਲ ਦੇਖਿਆ। ਹਰ ਸਾਲ ਹਰ ਇੱਕ ਨੇ ਵਿਧੀ ਪੂਰਵਕ ਸੰਕਲਪ ਨਾਲ, ਵਾਣੀ ਨਾਲ ਪ੍ਰਤਿਗਿਆ ਕੀਤੀ ਹੈ। ਬਹੁਤ ਚੰਗਾ ਕੀਤਾ ਹੈ। ਪਰ ਹੁਣ ਅੱਜ ਦੇ ਬਾਦ ਮਤਲਬ ਜਨਮ ਦਿਨ ਮਨਾਉਣ ਦੇ ਬਾਦ ਇੱਕ ਸ਼ਬਦ ਨੂੰ ਵਿਸ਼ੇਸ਼ ਅੰਡਰਲਾਇਨ ਕਰਨਾ। ਕਾਮਨ ਸ਼ਬਦ ਹੈ, ਨਵਾਂ ਨਹੀਂ ਹੈ। ਉਹ ਸ਼ਬਦ ਹੈ - ਨਿਰੰਤਰ ਦ੍ਰਿੜ੍ਹਤਾ। ਕਦੀ ਦ੍ਰਿੜ੍ਹਤਾ ਵਿੱਚ ਵੀ ਅਲਬੇਲਾਪਨ, ਨਹੀਂ। ਜੇਕਰ ਨਿਰੰਤਰ ਦ੍ਰਿੜ੍ਹਤਾ ਹੈ ਤਾਂ ਉਸਦੀ ਨਿਸ਼ਾਨੀ ਹੈ - ਨਿਰੰਤਰ ਹਰ ਸੰਕਲਪ, ਬੋਲ, ਕਰਮ ਦਵਾਰਾ ਖੁਦ ਵਿੱਚ, ਸੇਵਾ ਵਿੱਚ ਅਤੇ ਸੰਬੰਧ ਵਿੱਚ 100 ਪਰਸੈਂਟ ਸਫ਼ਲਤਾ। ਜਦੋਂ ਤੱਕ ਇਹਨਾਂ ਸਭ ਗੱਲਾਂ ਵਿੱਚ ਬ੍ਰਾਹਮਣਾਂ ਵਿੱਚ ਸਦਾ ਸਫ਼ਲਤਾ ਘੱਟ ਹੈ ਉਦੋਂ ਤੱਕ ਪ੍ਰਤਖਤਾ ਡਰਾਮੇ ਅਨੁਸਾਰ ਰੁਕੀ ਹੋਈ ਹੈ। ਸਫ਼ਲਤਾ ਪ੍ਰਤਖਤਾ ਦਾ ਅਧਾਰ ਹੈ। ਹਰ ਬੋਲ ਸਫ਼ਲਤਾ ਪੂਰਵਕ ਹੋਵੇ, ਹਰ ਬੋਲ ਸਫ਼ਲਤਾ ਪੂਰਵਕ ਹੋਵੇ, ਇਸਲਈ ਅੱਜਕਲ ਦੇ ਯਾਦਗਾਰ ਵਿੱਚ ਵੀ ਗੁਰੂ ਕਹਾਉਣ ਵਾਲੀਆਂ ਨੂੰ ਸਤ ਵਚਨ ਮਹਾਰਾਜ ਕਿਹਾ ਜਾਂਦਾ ਹੈ। ਭਾਵੇਂ ਝੂਠ ਵੀ ਬੋਲ ਰਹੇ ਹੋਣ ਪਰ ਭਗਤ ਕਹਿੰਦੇ ਹਨ ਸਤ ਵਚਨ। ਤਾਂ ਇਹ ਤੁਹਾਡੇ ਵਚਨ ਦਾ ਗਾਇਨ ਹੈ। ਮਹਾਰਾਜ, ਮਹਾਨ ਤਾਂ ਤੁਸੀਂ ਵੀ ਬਣਦੇ ਹੋ ਨਾ! ਇਸਲਈ ਕਹਿੰਦੇ ਹਨ ਸਤ ਵਚਨ ਮਹਾਰਾਜ ਮਾਨਾ ਮਹਾਨ ਆਤਮਾਵਾਂ। ਇਵੇਂ ਕਦੀ ਨਹੀਂ ਸੋਚੋਂ ਕਿ ਮੇਰਾ ਭਾਵ ਨਹੀਂ ਸੀ ਪਰ ਬੋਲ ਦਿੱਤਾ, ਨਿਕਲ ਗਿਆ, ਬਿਨਾਂ ਭਾਵ ਦੇ, ਭਾਵਨਾ ਦੇ ਬੋਲ ਨਹੀਂ ਨਿਕਲਦੇ ਹਨ, ਇਹ ਤਾਂ ਚਲਾਨ ਦੀ ਗੱਲ ਹੈ। ਕਦੀ ਕਹਿੰਦੇ ਹਨ ਨਿਕਲ ਗਿਆ, ਕਿਉਂ ਨਿਕਲ ਗਿਆ? ਕਿਉਂ, ਕੰਟਰੋਲਿੰਗ ਪਾਵਰ ਨਹੀਂ ਹੈ ਕੀ ਜੋ ਨਿਕਲ ਗਿਆ? ਹੋ ਗਿਆ, ਤਾਂ ਰਾਜਾ ਨਹੀਂ ਹਨ? ਕਿਸੇ - ਕਿਸੇ ਕਰਮਇੰਦਰੀ ਦੇ ਵਸ਼ੀਭੂਤ ਹੋ ਗਏ ਨਾ - ਜੋ ਨਿਕਲ ਗਿਆ, ਹੋ ਗਿਆ!

ਤਾਂ ਇਸ ਵਰ੍ਹੇ ਵਿੱਚ ਮੁਬਾਰਕ ਦੇ ਨਾਲ ਨਿਰੰਤਰ ਹਰ ਗੱਲ ਵਿੱਚ ਦ੍ਰਿੜਤਾ ਨੂੰ ਅੰਡਰਲਾਇਨ ਕਰੋ। ਅੱਜ ਬਰਥ ਡੇ ਹੈ ਇਸਲਈ ਬਾਪਦਾਦਾ ਅੱਜ ਨਹੀਂ ਸੁਣਾਉਂਦੇ ਹਨ ਪਰ ਸਭ ਦੇ ਚਾਰਟ ਤੋਂ ਬਾਪਦਾਦਾ ਨੇ ਇੱਕ ਗੱਲ ਨੋਟ ਕੀਤੀ, ਪਰ ਲਾਸ੍ਟ ਵਾਰੀ ਵਿੱਚ ਸੁਣਾਉਣਗੇ। ਅੱਜ ਤਾਂ ਮਨਾਉਣਾ ਹੈ, ਸੁਣਾਉਣਾ ਨਹੀਂ ਹੈ। 15 ਦਿਨ ਦੇ ਬਾਦ ਸੁਣਾਉਣਗੇ। (ਬਾਪਦਾਦਾ ਸੁਣਾਉਣ ਤਾਂ 15 ਦਿਨ ਵਿੱਚ ਸਭ ਠੀਕ ਹੋ ਜਾਣਗੇ) ਚੰਗਾ ਪਹਿਲੇ ਕਹੋ 15 ਦਿਨ ਵਿੱਚ ਕਰੇਕਸ਼ਨ ਹੋ ਜਾਏਗੀ ਫਿਰ ਤੇ ਸੁਣਾਉਣਾ ਠੀਕ ਹੈ। ਜੇਕਰ 15 ਦਿਨ ਵਿੱਚ ਸਭ ਠੀਕ ਹੋ ਜਾਣਗੇ) ਅੱਛਾ ਪਹਿਲੇ ਕਹੋ 15 ਦਿਨ ਵਿੱਚ ਕੁਰੇਕਸ਼ਨ ਹੋ ਜਾਏਗੀ ਫਿਰ ਤਾਂ ਸੁਣਾਉਣਾ ਠੀਕ ਹੈ। ਜੇਕਰ 15 ਦਿਨ ਵਿੱਚ ਪਰਿਵਰਤਨ ਹੋ ਜਾਣ ਤਾਂ ਬਾਪਦਾਦਾ ਤਾਂ ਪਤਾ ਨਹੀਂ ਕੀ ਕਰ ਦੇਣਗੇ। ਤਾਂ ਸੁਣਾਉਣ ਕੀ? ਤਾਂ 15 ਦਿਨ ਵਿੱਚ ਪਰਿਵਰਤਨ ਹੋ ਜਾਵੋਗੇ? ਸੰਕਲਪ ਕਰੋਗੇ? ਅੱਛਾ, ਪਾਂਡਵ ਕਰਨਗੇ ਸੁਣਾਵੇ? ਸੁਣਨਾ ਤੇ ਸਹਿਜ ਹੈ, ਕਰੋਂਗੇ? ਕਰਨਾ ਹੀ ਪਵੇਗਾ। (ਬਾਪਦਾਦਾ ਪਿੱਛੇ ਵਾਲਿਆਂ ਤੋਂ, ਮਤਾਵਾਂ ਤੋਂ, ਟੀਚਰਸ ਤੋਂ, ਡਬਲ ਫਾਰਨਰਜ਼ ਸਭਤੋਂ ਪੁੱਛਿਆ, ਸਭ ਨੇ ਹੱਥ ਹਿਲਾਇਆ) ਹੱਥ ਤਾਂ ਸਭ ਬਹੁਤ ਚੰਗਾ ਉਠਾ ਲੈਂਦੇ ਹਨ।

ਡਬਲ ਫਾਰਨਰਜ਼ ਦੇ ਤਿੰਨ ਗਰੁੱਪ ਹਨ ਨਾ? (ਅੰਤਰਮੁੱਖੀ, ਮਸਤਾਨਾ, ਸ਼ਕਤੀ ਗਰੁੱਪ)

ਅੱਛਾ, ਅੰਤਰਮੁੱਖੀ ਗਰੁੱਪ ਹੱਥ ਉਠਾਓ। ਅੰਤਰਮੁੱਖੀ ਵਿੱਚ ਥੋੜ੍ਹੇ ਹਨ। ਦੂਸਰਾ ਗਰੁੱਪ ਹੈ ਮਸਤਾਨਾ, ਅੱਛਾ ਮਸਤਾਨਾ ਗਰੁੱਪ ਵਾਲੇ ਖੜੇ ਹੋ ਜਾਓ। ਸਦਾ ਮਸਤ ਰਹਿਣ ਵਾਲੇ ਨਾ! ਮਸਤਾਨਾ ਦਾ ਅਰਥ ਕੀ ਹੋਇਆ? ਸਦਾ ਮਸਤ ਰਹਿਣ ਵਾਲੇ ਹੋ ਨਾ! ਤੀਸਰਾ ਗਰੁੱਪ - ਸ਼ਕਤੀ। ਸ਼ਕਤੀ ਗਰੁੱਪ ਸ਼ਕਤੀਸ਼ਾਲੀ ਹੋ ਨਾ! ਨਾਮ ਤੇ ਬਹੁਤ ਵਧੀਆ ਰੱਖੇ ਹਨ। ਦੇਖੋ ਸ਼ੁਰੂ -ਸ਼ੁਰੂ ਵਿੱਚ ਜਦੋਂ ਭੱਠੀ ਸੀ ਤਾਂ ਤੁਹਾਡੇ ਗਰੁੱਪ ਦੇ ਨਾਮ ਕੀ ਸਨ? (ਡਿਵਾਇੰਨ ਯੂਨਿਟੀ, ਮਨੋਹਰ ਪਾਰਟੀ, ਸੁਪ੍ਰੀਮ ਪਾਰਟੀ) ਨਾਮ ਤੇ ਸੁਹਣੇ ਹਨ ਨਾ? ਤਾਂ ਇਹ ਵੀ ਗਰੁੱਪ ਚੰਗੇ ਬਣੇ ਹਨ। ਨਾਮ ਯਾਦ ਰਹੇਗਾ ਤਾਂ ਨਾਮ ਦੇ ਨਾਲ ਕਰਤਵ ਵੀ ਯਾਦ ਰਹੇਗਾ। ਅੱਛਾ ਡਬਲ ਫਾਰੇਨਰਸ ਕੁਮਾਰ ਉੱਠੋ। ਅੱਛਾ, ਇਹ ਕੁਮਾਰਾਂ ਦਾ ਗਰੁੱਪ ਹੈ। ਚੰਗਾ ਕੀਤਾ ਹੈ, ਬਾਪਦਾਦਾ ਨੇ ਡਬਲ ਫਾਰੇਨਰਸ ਦੇ ਰਿਫਰੇਸ਼ਮੈਂਟ ਦਾ ਸਮਾਚਾਰ ਬਹੁਤ ਚੰਗਾ ਸੁਣਾਇਆ ਹੈ।

ਬਾਪਦਾਦਾ ਦਿਲ ਤੋਂ ਮੁਬਾਰਕ ਵੀ ਦੇ ਰਹੇ ਹਨ ਪਰ ਸਭ ਗਰੁੱਪ ਦੀ ਜੋ ਅੱਜ ਅੰਡਰਲਾਇਨ ਕੀਤਾ ਹੈ, ਉਹ ਯਾਦ ਵੀ ਦਵਾ ਰਹੇ ਹਨ।

ਡਬਲ ਫ਼ਾਰੇਨ ਦੀ ਟੀਚਰਸ ਬਹੁਤ ਹਨ। ਟੀਚਰ ਬਣਨਾ ਬਹੁਤ -ਬਹੁਤ ਭਾਗ ਦੀ ਨਿਸ਼ਾਨੀ ਹੈ ਕਿਉਂਕਿ ਬਾਪਦਾਦਾ ਟੀਚਰਸ ਨੂੰ ਗੁਰੂ - ਭਰਾ ਦੇ ਰੂਪ ਵਿੱਚ ਦੇਖਦੇ ਹਨ, ਇਤਨਾ ਸਮਾਨ ਰੂਪ ਵਿੱਚ ਦੇਖਦੇ ਹਨ ਕਿਉਂਕਿ ਬਾਪ ਦੇ ਆਸਣ ਤੇ ਬੈਠਦੇ ਹਨ, ਟੀਚਰਸ ਨੂੰ ਇਹ ਹੱਕ ਮਿਲਦਾ ਹੈ। ਜਿਵੇਂ ਗੁਰੂ ਦੀ ਗੱਦੀ ਹੁੰਦੀ ਹੈ ਨਾ ਤਾਂ ਇਹ ਮੁਰਲੀ ਦਾ ਤਖ਼ਤ, ਮੁਰਲੀ ਧਾਰਨ ਕਰਨਾ ਅਤੇ ਮੁਰਲੀ ਸੁਣਾਉਣਾ। ਸੁਣਾਉਣਾ ਸਿਰਫ਼ ਨਹੀਂ ਮੁਰਲੀ ਧਾਰਨ ਕਰਾਉਣਾ, ਇਹ ਟੀਚਰਸ ਨੂੰ ਬਾਪਦਾਦਾ ਨੇ ਗੁਰੂ ਭਰਾ ਦਾ ਤਖ਼ਤ ਦਿੱਤਾ ਹੈ ਅਤੇ ਫ਼ਾਰੇਨ ਵਿੱਚ ਤਾਂ ਦੇਖਿਆ ਜਾਂਦਾ ਹੈ ਕਿ ਬਹੁਤ ਜਲਦੀ ਤੋਂ ਜਲਦੀ ਤਖ਼ਤਨਸ਼ੀਨ ਹੋ ਜਾਂਦੇ ਹਨ। ਬਾਪਦਾਦਾ ਖੁਸ਼ ਹੁੰਦੇ ਹਨ, ਜਿੰਮੇਵਾਰੀ ਦਾ ਤਾਜ਼ ਧਾਰਨ ਕਰ ਲੈਣਾ, ਹਿੰਮਤ ਰੱਖਣਾ, ਇਹ ਵੀ ਕੋਈ ਘੱਟ ਗੱਲ ਨਹੀਂ ਹੈ ਪਰ ਗੁਰੂ ਭਰਾ ਮਤਲਬ ਬਾਪ ਸਮਾਨ। ਉਵੇਂ ਵੀ ਸਭਨੂੰ ਬਾਪ ਸਮਾਨ ਬਣਨਾ ਹੀ ਹੈ ਪਰ ਫਿਰ ਵੀ ਟੀਚਰਸ ਨੂੰ ਵਿਸ਼ੇਸ਼ ਜਿੰਮੇਵਾਰੀ ਦਾ ਤਾਜ਼ ਹੈ। ਬਾਪਦਾਦਾ ਨੂੰ ਟੀਚਰਸ ਦਾ ਸੰਗਠਨ ਬਹੁਤ ਚੰਗਾ ਲੱਗਦਾ ਹੈ। ਪਰ ਅੱਜ ਦੇ ਵਿਸ਼ੇਸ਼ ਸ਼ਬਦ "ਨਿਰੰਤਰ ਅਟੈਂਸ਼ਨ"

ਅੱਛਾ - ਭਾਰਤ ਦੀ ਟੀਚਰਸ ਉਠੋ, ਭਾਰਤ ਦੀ ਟੀਚਰਸ ਵੀ ਘੱਟ ਨਹੀਂ ਹਨ। ਤਾਂ ਸੁਣਿਆ, ਟੀਚਰਸ ਨੂੰ ਬਾਪਦਾਦਾ ਕਿਸ ਨਜ਼ਰ ਨਾਲ ਵੇਖਦੇ ਹਨ। ਇਹ ਕਲਾਸ ਦੀ, ਮੁਰਲੀ ਸੁਣਾਉਣ ਦੀ ਸੀਟ... ਬਹੁਤ ਭਾਗਵਾਨ ਹੈ। ਬਹੁਤ -ਬਹੁਤ ਲੱਕੀ ਹੋ ਕਿਉਂਕਿ ਸਾਕਾਰ ਰੂਪ ਵਿੱਚ ਨਿਮਿਤ ਕੌਣ ਹਨ? ਅੱਛਾ ਦਾਦੀਆਂ ਤਾਂ ਇੱਕ ਫ਼ਾਰੇਨ ਰਹਿੰਦੀ ਹੈ, ਇੱਕ ਮਧੂਬਨ ਰਹਿੰਦੀ ਹੈ ਪਰ ਹਰ ਜਗ੍ਹਾ ਤੇ ਸਾਕਾਰ ਰੂਪ ਵਿੱਚ ਨਿਮਿਤ ਟੀਚਰਸ ਹਨ ਜਾਂ ਨਿਮਿਤ ਪਾਂਡਵ ਵੀ ਹਨ। ਇਵੇਂ ਨਹੀਂ ਸਿਰਫ਼ ਟੀਚਰਸ (ਭੈਣਾਂ) ਹਨ, ਪਾਂਡਵ ਵੀ ਹਨ, ਜਿਸਨੂੰ ਵੱਡੇ ਭਰਾ ਕਹਿੰਦੇ ਹੋ ਨਾ। ਪਾਂਡਵ ਤਾਂ ਜਰੂਰੀ ਹਨ ਹੀ। ਸ਼ਕਤੀਆਂ ਅਤੇ ਪਾਂਡਵ ਦੋਵਾਂ ਦੇ ਸਾਥ ਨਾਲ ਹੀ ਆਦਿ ਦਾ ਕੰਮ ਚੱਲ ਰਿਹਾ ਹੈ, ਭਾਵੇਂ ਥੋੜ੍ਹੇ ਪਾਂਡਵ ਸਨ ਪਰ ਵਿਸ਼ਵਕਿਸ਼ੋਰ ਤਾਂ ਸੀ ਨਾ। ਆਨੰਦਕਿਸ਼ੋਰ, ਵਿਸ਼ਵਕਿਸ਼ੋਰ ਸ਼ੁਰੂ ਦੇ ਹਨ। ਤਾਂ ਪਾਂਡਵਾਂ ਦੇ ਨਾਲ ਤੇ ਹਨ ਨਾ। ਪਰ ਮਜ਼ੋਰਿਟੀ ਟੀਚਰਸ ਜ਼ਿਆਦਾ ਹਨ ਜੋ ਨਿਮਿਤ ਬਣ ਜਾਂਦੀ ਹੈ। ਤੁਸੀਂ ਬੈਕਬੋਨ ਹੋ, ਟੀਚਰਸ ਦੇ ਵੀ ਬੈਕਬੋਂਨ ਹੋ। ਹਰ ਇੱਕ ਦਾ ਪਾਰ੍ਹ ਹੈ। ਪਰ ਵਿਦੇਸ਼ ਵਿੱਚ ਇਹ ਵਿਸ਼ੇਸ਼ਤਾ ਹੈ ਕਿ ਪਾਂਡਵ ਵੀ ਟੀਚਰਸ ਬਣਦੇ ਹਨ, ਭਾਰਤ ਵਿੱਚ ਘੱਟ ਬਣਦੇ ਹਨ। ਤਾਂ ਟੀਚਰਸ ਨੂੰ ਸਦਾ ਬਾਪਦਾਦਾ ਕਹਿੰਦੇ ਹਨ ਟੀਚਰ ਮਤਲਬ ਆਪਣੇ ਫੀਚਰਸ ਦਵਾਰਾ ਬਾਪ ਦਾ ਸਾਕਸ਼ਾਤਕਾਰ ਕਰਾਉਣ ਵਾਲੇ। ਫਿਰਚਰਸ ਦਵਾਰਾ ਫਿਊਚਰ ਸਪੱਸ਼ਟ ਦਿਖਾਉਣ ਵਾਲੀ। ਤਾਂ ਅਜਿਹੀਆਂ ਟੀਚਰਸ ਹੋ ਨਾ? ਜੋ ਤੁਹਾਨੂੰ ਦੇਖ ਕੇ ਬਾਪਦਾਦਾ ਦੀ ਪਾਲਣਾ ਦੀ ਅਨੁਭੂਤੀ ਹੋਵੇ। ਪ੍ਰਮਾਤਮ ਗੁਣ, ਪਰਮਾਤਮ ਸ਼ਕਤੀਆਂ ਤੁਹਾਡੇ ਚੇਹਰੇ ਤੋਂ ਦਿਖਾਈ ਦੇਣ, ਬੋਲ ਤੋਂ ਦਿਖਾਈ ਦੇਣ। ਇਵੇਂ ਨਹੀਂ ਫਲਾਣੀ ਟੀਚਰਸ ਨੇ ਬੋਲਿਆ, ਨਹੀਂ। ਬਾਪਦਾਦਾ ਨੇ ਟੀਚਰਸ ਦੇ ਫੀਚਰਜ਼ ਦਵਾਰਾ ਅਨੁਭਵ ਕਰਾਇਆ। ਬਾਪ ਨਾਲ ਹਰ ਇੱਕ ਦਾ ਕਨੈਕਸ਼ਨ ਜੋੜਨਾਂ - ਇਹ ਹੀ ਹੈ ਟੀਚਰਸ ਦਾ ਕਰਤਵ। ਹਰ ਇੱਕ ਦੇ ਦਿਲ ਤੋਂ ਹਰ ਸਮੇਂ ਬਾਬਾ ਨਿਕਲੇ।

ਇਹ ਗਰੁੱਪ ਵੀ ਚੰਗੇ ਬਣਾਏ ਹਨ ਕਿਉਂਕਿ ਪਰਸਨਲ ਰਿਫ੍ਰੇਸ਼ਮੈਂਟ ਮਿਲਣ ਨਾਲ ਅਨੁਭੂਤੀ ਚੰਗੀ ਕਰਦੇ ਹਨ। ਗਰੁੱਪ ਵਿੱਚ ਰਿਜ਼ਲਟ ਚੰਗੀ ਨਿਕਲੀ ਨਾ! ਚੰਗਾ ਹੈ।

ਚਾਰੋਂ ਪਾਸੇ ਦੇ ਜਨਮ ਉਤਸਵ ਮਨਾਉਣ ਵਾਲੀਆਂ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਅਲੌਕਿਕ ਜਨਮ ਦੇ ਅਲੌਕਿਕ ਦਿਵਿਆ ਕ੍ਰਤਵਿਆ ਕਰਨ ਵਾਲਿਆਂ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਇੱਕ ਬਾਪ ਦੂਸਰਾ ਨਾ ਕੋਈ, ਅਜਿਹੇ ਏਕਾਨਾਮੀ ਅਤੇ ਸਰਵ ਖਜ਼ਾਨਿਆਂ ਦੇ ਏਕਾਨਾਮੀ ਦੇ ਅਵਤਾਰ ਬੱਚਿਆਂ ਨੂੰ ਸਦਾ ਹਰ ਵਰਦਾਨ ਅਤੇ ਵਰਸੇ ਨੂੰ ਜੀਵਨ ਦਵਾਰਾ ਪ੍ਰਤੱਖ ਕਰਨ ਵਾਲੇ ਉਮੰਗ -ਉਤਸ਼ਾਹ ਵਿੱਚ ਰਹਿਣ ਵਾਲਿਆਂ ਬੱਚਿਆਂ ਨੂੰ, ਬਾਪਦਾਦਾ ਦਾ ਅਲੌਕਿਕ ਜਨਮ ਦੇ ਮੁਬਾਰਕ ਸਹਿਤ ਯਾਦਪਿਆਰ ਅਤੇ ਨਮਸਤੇ।

ਦਾਦੀਆਂ ਨਾਲ :- ਦਾਦੀ ਜੀ ਨੇ ਬਾਪਦਾਦਾ ਨੂੰ ਬਰਥ ਡੇ ਦੀ ਬਹੁਤ -ਬਹੁਤ ਵਧਾਈ ਦਿੱਤੀ।

ਅੱਜ ਮਾਲਾ ਵਿੱਚ ਤੁਸੀਂ ਸਭ ਆਏ। ਮਾਲਾ ਯਾਦ ਕੀਤੀ ਨਾ! ਆਦਿ ਦੀ ਸਥਾਪਨਾ ਦੇ ਰਤਨ, ਤਾਂ ਉਸ ਵਿੱਚ ਤੁਸੀਂ ਮਾਲਾ ਦੇ ਮਣਕੇ ਸੀ। ਚੰਗਾ ਹੈ ਸਥਾਪਨਾ ਵਿੱਚ ਵੀ ਨਿਮਿਤ ਬਣੇ, ਪਾਲਣਾ ਵਿੱਚ ਵੀ ਨਿਮਿਤ ਬਣੇ, ਹੁਣ ਬਾਪ ਦੇ ਨਾਲ ਚੱਲਣ ਵਿੱਚ ਵੀ ਨਿਮਿਤ ਬਣੋਗੇ। ਕੀ ਦਰਵਾਜ਼ਾ ਬਾਪਦਾਦਾ ਇਕਲੇ ਖੋਲ੍ਹਣਗੇ? (ਨਹੀਂ) ਤੁਹਾਡੇ ਲਈ ਰੁਕੇ ਹੋਏ ਹਨ। ਆਓ ਤਾਂ ਦਰਵਾਜ਼ਾ ਖੋਲ੍ਹੋ। ਪਰ ਸੇਵਾ ਪੂਰੀ ਕਰਨੀ ਪਵੇਗੀ ਨਾ ਕਿਉਂਕਿ ਸਾਕਾਰ ਵਿੱਚ ਤੁਸੀਂ ਲੋਕਾਂ ਨੂੰ ਨਿਮਿਤ ਬਣਾਇਆ ਹੈ। ਤਾਂ ਸਾਕਾਰ ਦਾ ਕੰਮ ਤਾਂ ਪੂਰਾ ਕਰਨਾ ਪਵੇਗਾ ਨਾ। ਅੱਜਕਲ ਸਭ ਕਿਸਨੂੰ ਦੇਖਦੇ ਹਨ? ਸਭਦੀ ਨਜ਼ਰ ਕਿੱਥੇ ਜਾਂਦੀ ਹੈ? ਤੁਸੀਂ ਲੋਕਾਂ ਦੇ ਉਪਰ ਹੀ ਜਾਂਦੀ ਹੈ। ਜੋ ਨਿਮਿਤ ਬਣੇ ਹੋਏ ਹਨ, ਉਹਨਾਂ ਦੇ ਉੱਪਰ ਹੀ ਸਭਦੀ ਨਜ਼ਰ ਜਾਂਦੀ ਹੈ। ਨਜਰਾਂ ਵਿੱਚ ਤਾਂ ਸਭ ਨੂੰ ਬਿਠਾਇਆ ਕਿਉਂਕਿ ਬਾਪ ਦੀ ਨਜ਼ਰ ਤੇ ਕੋਈ ਛੋਟੀ ਹੈ ਹੀ ਨਹੀਂ, ਬੇਹੱਦ ਦੀ ਨਜ਼ਰ ਹੈ। ਤਾਂ ਸਭ ਨਜ਼ਰ ਵਿੱਚ ਹਨ। ਸਭ ਨੂਰੇ ਰਤਨ ਹਨ। ਬਹੁਤ ਵਧੀਆ। ਹਰ ਇੱਕ ਆਪਣਾ - ਆਪਣਾ ਪਾਰ੍ਹ ਵਜਾ ਰਹੇ ਹਨ ਅਤੇ ਵਜਾਉਣਾ ਹੀ ਹੈ। ਡਰਾਮੇ ਵਿੱਚ ਬੰਧੇ ਹੋਏ ਹੈ। ਮਜ਼ਾ ਆਉਂਦਾ ਹੈ ਨਾ! ਬਹੁਤ ਚੰਗਾ ਹੈ!

ਵਰਦਾਨ:- ਅਲਪਕਾਲ ਦੇ ਸਹਾਰੇ ਦੇ ਕਿਨਾਰੇ ਨੂੰ ਛੱਡ ਇੱਕ ਬਾਪ ਨੂੰ ਸਹਾਰਾ ਬਣਾਉਣ ਵਾਲੇ ਯਥਾਰਥ ਪੁਰਸ਼ਾਰਥੀ ਭਵ

ਪੁਰਸ਼ਾਰਥ ਦਾ ਅਰਥ ਇਹ ਨਹੀਂ ਹੈ ਕਿ ਇੱਕ ਵਾਰ ਦੀ ਗਲਤੀ ਬਾਰ -ਬਾਰ ਕਰਦੇ ਰਹੋ ਅਤੇ ਪੁਰਸ਼ਾਰਥ ਨੂੰ

ਆਪਣਾ ਸਹਾਰਾ ਬਣਾ ਲਵੋ। ਅਸਲ ਪੁਰਸ਼ਾਰਥੀ ਮਤਲਬ ਪੁਰਸ਼ ਬਣ ਰਥ ਦਵਾਰਾ ਕੰਮ ਕਰਾਉਣ ਵਾਲੇ। ਹਾਲੇ ਅਲਪਕਾਲ ਦੇ ਸਹਾਰੇ ਦੇ ਕਿਨਾਰੇ ਛੱਡ ਦਵੋ। ਕਈ ਬੱਚੇ ਬਾਪ ਦੇ ਬਜਾਏ ਹੱਦ ਦੇ ਕਿਨਾਰਿਆਂ ਨੂੰ ਹੀ ਸਹਾਰਾ ਬਣਾ ਲੈਂਦੇ ਹਨ। ਭਾਵੇਂ ਆਪਣੇ ਸੁਭਾਵ- ਸੰਸਕਾਰਾਂ ਨੂੰ, ਭਾਵੇਂ ਪਰਿਸਥਿਤੀਆਂ ਨੂੰ ਇਹ ਸਭ ਅਲਪਕਾਲ ਦੇ ਸਹਾਰੇ ਦਿਖਾਵਾ -ਮਾਤਰ, ਧੋਖੇਬਾਜ਼ ਹਨ। ਇੱਕ ਬਾਪ ਦਾ ਸਹਾਰਾ ਹੀ ਛਤਰਛਾਇਆ ਹੈ।

ਸਲੋਗਨ:- ਨਾਲੇਜ਼ਫੁੱਲ ਉਹ ਹੈ ਜੋ ਮਾਇਆ ਨੂੰ ਦੂਰ ਤੋਂ ਹੀ ਪਹਿਚਾਣ ਕੇ ਖੁਦ ਨੂੰ ਸਮਰਥ ਬਣਾ ਲਵੇ।

******